**BCM SCHOOL BASANT AVENUE DUGRI ROAD LDH**

**ASSIGNMENT OF IX CLASS**

***ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :** ਜੋ ਆਪਣੀ ਮਾਂ-ਬੋਲੀ ਨੂੰ ਪਿਆਰ ਕਰਦੇ ਹਨ, ਉਹ ਹਰ ਕਿਸੇ ਦੀ ਮਾਂ-ਬੋਲੀ ਦਾ ਸਤਿਕਾਰ ਕਰਦੇ ਹਨ। ਇੱਕ ਵਾਰ ਮੈਨੂੰ ਇੱਕ ਸੌ ਅੱਠ ਮੁਲਕਾਂ ਤੋਂ ਆਏ ਅਠਾਰਾਂ ਸੌ ਪ੍ਰਤੀਨਿਧਾਂ ਦੇ ਸਾਹਮਣੇ ਬੋਲਣ ਦਾ ਮੌਕਾ ਵੀਆਨਾ, ਆਸਟ੍ਰੀਆ ਦੀ ਰਾਜਧਾਨੀ ਵਿੱਚ ਮਿਲਿਆ ਸੀ। ਹਰ ਤਕਰੀਰ ਦਾ ਤਰਜਮਾ ਪੰਜਾਂ ਜਬਾਨਾਂ ਵਿੱਚ ਹੋਣਾ ਹੁੰਦਾ ਸੀ, ਤੇ ਸੈਂਕੜੇ ਤਕਰੀਰਾਂ ਸਨ । ਤਰਜਮਾ ਕਰਨ ਵਾਲੀਆਂ ਕੁੜੀਆਂ ਉੱਤੇ ਬੜਾ ਕਾਰ ਸੀ । ਉਹਨਾਂ ਦਾ ਇੱਕ ਤਰਜਮਾ ਬਚਾਉਣ ਲਈ ਮੈਂ ਫੈਸਲਾ ਕੀਤਾ ਕਿ ਅੰਗਰੇਜ਼ੀ ਵਿੱਚ ਹੀ ਬੋਲ ਦਿਆਂਗਾ। ਮੇਰੇ ਏਸ ਫੈਸਲੇ ਉੱਤੇ ਅੰਗਰੇਜ਼ਾਂ ਅਤੇ ਅਮਰੀਕਨਾਂ ਨੇ ਖੁਸ਼ੀਆਂ ਦੀਆਂ ਤਾੜੀਆਂ ਵਜਾਈਆਂ। ਪਰ ਜਦੋਂ ਮੈਂ ਆਖਿਆ ਕਿ ਇਹ ਵੀ ਮੈਂ ਸਹਾਰ ਨਹੀਂ ਸਕਾਂਗਾ ਕਿ ਆਪਣੀ ਮਾਂ-ਬੋਲੀ ਦੇ ਸ਼ਬਦ ਐਨੇ ਮੁਲਕਾਂ ਦੇ ਚੰਗੇ ਲੋਕਾਂ ਦੇ ਕੰਨੀਂ ਪੁਆਉਣ ਦਾ ਮੌਕਾ ਮੈਂ ਹੱਥੋਂ ਗੁਆ ਲਵਾਂ। ਏਸ ਲਈ ਆਪਣੀ ਤਕਰੀਰ ਦਾ ਅਖੀਰਲਾ ਭਾਗ ਮੈਂ ਪੰਜਾਬੀ ਦਿੰਦ ਹੀ ਬਲਾਂਗਾ। ਇਹਦੇ ਉੱਤੇ ਸਰੋਤਿਆਂ ਤਾਲੀਆਂ ਵਜਾਈਆ ਤੇ ਜਦ ਮੈਂ ਆਪਣੀ ਬੋਲੀ ਵਿੱਚ ਬੋਲ ਹਟਿਆ ਤਾਂ ਸਾਰੇ ਦੇ ਸਾਰੇ ਸਰੋਤੇ ਉੱਠ ਕੇ ਖਲੇ ਗਏ, ਪ੍ਰਧਾਨਗੀ ਮੰਡਲ ਦੇ ਮੰਚ ਤੋਂ ਹੇਠਾਂ ਆ ਕੇ ਕਈਆਂ ਨੇ ਮੈਨੂੰ ਜੱਫੀ ਵਿੱਚ ਲੈ ਲਿਆ, ਕਈ ਮੇਰੇ ਨਾਲ ਤੁਰ ਕੇ ਮੈਨੂੰ ਮੇਰੀ ਸੀਟ ਉੱਤੇ ਬਿਠਾਉਣ ਆਏ ਤੇ ਉਹਨਾਂ ਮੇਰੇ ਦਸਖ਼ਤ ਲਏ। ਇਹ ਪ੍ਰਸ਼ੰਸਾ ਮੇਰੀ ਨਹੀਂ ਸੀ, ਮੇਰੀ ਮਾਂ-ਬੋਲੀ ਲਈ ਆਪਣੀ ਮਾਂ-ਬੋਲੀ ਦੇ ਪਿਆਰਿਆਂ ਦਾ ਸਤਿਕਾਰ ਭਰਿਆ ਇਜ਼ਹਾਰ ਸੀ।

1.ਲੇਖਕ ਨੂੰ ਕਿੰਨੇ ਪ੍ਰਤੀਨਿਧੀਆਂ ਦੇ ਸਾਹਮਣੇ ਬੋਲਣ ਦਾ ਮੌਕਾ ਮਿਲਿਆ ?

(ੳ) ਦੋ ਹਜ਼ਾਰ ਅ) ਅਠਾਰਾਂ ਸੌ (ੲ) ਸੋਲਾਂ ਸੌ ਸ) ਅੱਠ ਸੌ

2. ਕਿੰਨੇ ਮੁਲਕਾਂ ਤੋਂ ਪ੍ਰਤੀਨਿਧ ਆਏ ਸਨ?

ੳ) ਇੱਕ ਸੌ ਅੱਠ ਅ) ਅਠਾਰਾਂ ਸੌ (ੲ) ਅੱਠ ਸ) ਅਠਾਈ

3. ਤਕਰੀਰ ਦਾ ਤਰਜਮਾ ਕਿੰਨੀਆਂ ਜਬਾਨਾਂ ਵਿੱਚ ਹੋਣਾ ਸੀ ?

(ੳ) ਇੱਕ ਸੌ ਅੱਠ ਅ) ਅਠਾਰਾਂ ਸੌ (ੲ) ਅੱਠ ਸ) ਅਠਾਈ

4. ਲੇਖਕ ਦੇ ਫ਼ੈਸਲੇ 'ਤੇ ਕਿਨ੍ਹਾਂ ਨੇ ਖ਼ੁਸ਼ੀਆਂ ਦੀਆਂ ਤਾੜੀਆਂ ਵਜਾਈਆ ?

(ੳ) ਭਾਰਤੀਆਂ ਤੇ ਅੰਗਰੇਜ਼ਾਂ ਨੇ ਅ)ਜਪਾਨੀਆਂ ਤੇ ਅੰਗਰੇਜ਼ਾਂ ਨੇ

(ੲ) ਅੰਗਰੇਜ਼ਾਂ ਤੇ ਅਮਰੀਕਨਾਂ ਨੇ ਸ) ਪੰਜਾਬੀਆਂ ਤੇ ਅਮਰੀਕਨਾਂ ਨੇ

5. ਲੇਖਕ ਨੇ ਆਪਣੀ ਤਕਰੀਰ ਦਾ ਅਖੀਰਲਾ ਪਹਿਰਾ ਕਿਸ ਭਾਸ਼ਾ ਵਿੱਚ ਬੋਲਿਆ?

ੳ) ਪੰਜਾਬੀ ਅ) ਹਿੰਦੀ (ੲ) ਉੂਰਦੂ ਸ) ਅੰਗਰੇਜ਼ੀ

6. ਸਰੋਤਿਆਂ ਨੇ ਲੇਖਕ ਦੀ ਪ੍ਰਸ਼ੰਸਾ ਕਿਵੇਂ ਕੀਤੀ?

ੳ) ਬੈਠੇ ਬੈਠੇ    ਅ) ਤਾੜੀਆਂ ਵਜਾ ਕੇ    (ੲ) ਹੱਸ ਕੇ    ਸ)ਕੋਲ ਜਾ ਕੇ

***ਹੇਠ ਲਿਖੇ ਕਾਵ ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ**

ਉੱਠ ਸੋਹਣਿਆ ਵੇ ਹੀਰਿਆ ਤੂੰ ਛੱਡ ਆਲਸਾਂ,

ਕਿੱਥੋਂ ਚੱਲ ਕੇ ਹੈ ਨੂਰ ਬੂਹੇ ਆਣ ਢੁੱਕਿਆ।

ਵੇਖ ਛੁੱਟੀਆਂ ਨੇ ਚੜ੍ਹਦੇ 'ਚ ਕਿੰਞ ਲਾਲੀਆ.

ਵੇਖ ਵੇਹੜਿਆਂ ਦੇ ਰਾਤ ਦਾ ਹਨੇਰ ਮੁੱਕਿਆ।

ਪੰਛੀ ਉੱਡ ਗਏ ਨੇ ਚੋਗਿਆਂ ਨੂੰ ਛੱਡ ਆਲ੍ਹਣੇ,

ਧੁੰਦਾਂ ਮਿੱਟੀਆਂ ਤੋਂ ਜਾਪਦਾ ਅਕਾਸ਼ ਹੱਸਦਾ

ਪ੍ਰਸ਼ਨ 1. ਕਵੀ ਕਿਸ ਨੂੰ ਆਲਸ ਛੱਡਣ ਲਈ ਕਹਿ ਰਿਹਾ ਹੈ ?

ਪ੍ਰਸ਼ਨ 2. ਪੰਛੀ ਆਲ੍ਹਣਾ ਛੱਡ ਕੇ ਕਿੱਥੇ ਚਲੇ ਗਏ ਹਨ?

ਪ੍ਰਸ਼ਨ 3. ਕਵੀ ਸੁਹਣੇ 'ਹੀਰਿਆ' ਸ਼ਬਦ ਕਿਸ ਲਈ ਵਰਤ ਰਿਹਾ ਹੈ ?

ਪ੍ਰਸ਼ਨ 4. ਧੁੰਦਾਂ ਮਿਟਣ 'ਤੇ ਅਕਾਸ਼ ਕਿਵੇਂ ਦਾ ਜਾਪਦਾ ਹੈ ?

***ਵਿਆਕਰਣ :-**

3. ਵਿਰੋਧੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)— 2 ×

(*i*) 'ਉੱਦਮੀ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ—

(ੳ) ਚੁਕੰਨਾ    (ਅ) ਆਲਸੀ

(ੲ) ਸੁਸਤ    (ਸ) ਹੌਲ਼ੀ

(*ii*) 'ਅਮਨ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ—

(ੳ) ਸ਼ਾਂਤੀ    (ਅ) ਜੰਗ

(ੲ) ਘੱਲੂਘਾਰਾ    (ਸ) ਯੁੱਧਭੂਮੀ

(*iii*) 'ਗ਼ੱਦਾਰ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ—

(ੳ) ਵਫ਼ਾਦਾਰ    (ਅ) ਦੇਸ਼-ਧਰੋਹੀ

(ੲ) ਬੇਈਮਾਨ    (ਸ) ਭੈੜਾ

4. ਲਿੰਗ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)— 2 ×

(*i*) ਹੇਠ ਲਿਖਿਆਂ ਵਿੱਚੋਂ ਪੁਲਿੰਗ ਸ਼ਬਦ ਚੁਣੋ—

(ੳ) ਦਾਦੀ    (ਅ) ਫ਼ੌਜ    (ੲ) ਬਲ਼ਦ    (ਸ) ਮਾਸੀ

(*ii*) 'ਮਾਸੀ' ਸ਼ਬਦ ਦਾ ਪੁਲਿੰਗ ਚੁਣੋ :

(ੳ) ਮਾਸੜ    (ਅ) ਫੁੱਫੜ    (ੲ) ਚਾਚਾ    (ਸ) ਤਾਇਆ

(*iii*) 'ਕਸਾਈ' ਸ਼ਬਦ ਦਾ ਇਸਤਰੀ-ਲਿੰਗ ਕਿਹੜਾ ਹੋਵੇਗਾ :

(ੳ) ਕਸੈਣ    (ਅ) ਕਸਾਈਅਨ    (ੲ) ਕਸਾਇਣ    (ਸ) ਕਸਾਈਨ

5. ਵਿਸਮਿਕ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)—

*(i)* ਵਿਸਮਿਕ ਸ਼ਬਦ ਚੁਣੋ :

(ੳ) ਦਾ, ਦੇ, ਦੀ (ਅ) ਤੇ, ਅਤੇ

(ੲ) ਪਰ, ਕਿਉਂਕਿ (ਸ) ਵੇ, ਕੀ, ਅੜਿਆ, ਕਾਸ਼, ਸ਼ਾਬਾਸ਼, ਬੱਲੇ-ਬੱਲੇ

*(ii)* ਵਿਸਮਿਕ ਚਿੰਨ੍ਹ ਕਿਹੜਾ ਹੈ ?

(ੳ) । (ਅ) ? (ੲ) ; (ਸ) !

*(iii)* ਵਿਸਮਿਕ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?

(ੳ) ਦੋ (ਅ) ਪੰਜ

(ੲ) ਨੌਂ (ਸ) ਸੱਤ

6. ਸ਼ਬਦ-ਸ਼ੁੱਧੀ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)—

ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ—

*(i)* ਪਾਨੀ ਗਅਰਮ ਕਰੋਅ।

*(ii)* ਗੋਬੀ ਦੀ ਪਨੀਰੀ ਲਿਯਾਂਦੀ ਹੈ।

*(iii)* ਹੁਨ ਮੈ ਸੌਨ ਲਗਾ ਹਾਂ।

7. ਕਿਰਿਆ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)—

ਪ੍ਰਸ਼ਨ 6. 'ਸੁਰਤ ਪਤੰਗ ਉਡਾ ਰਿਹਾ ਹੈ' ਵਿੱਚ ਕਿਹੜੀ ਕਿਰਿਆ ਹੈ ?

ਪ੍ਰਸ਼ਨ 7. 'ਕੁੜੀ ਗਜ਼ਲ ਗਾਉਂਦੀ ਹੈ' ਵਿੱਚ ਕਿਹੜੀ ਕਿਰਿਆ ਹੈ ?

ਪ੍ਰਸ਼ਨ 8. 'ਮੁੰਡੇ ਖੇਡਦੇ ਹਨ' ਵਿੱਚ ਕਿਹੜੀ ਕਿਰਿਆ ਹੈ ?

10. ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਸਕੂਲ ਵਿੱਚ ਕੰਨਟੀਨ ਦਾ ਇੰਤਜ਼ਾਮ ਕਰਨ ਲਈ ਬਿਨੈ-ਪੱਤਰ ਲਿਖੋ। **1 × 6 = 6**

ਨੁਕਤੇ :— ਸਕੂਲ ਦਾ ਹੈਂਡ-ਬੁਆਏ, ਕੰਨਟੀਨ ਦਾ ਨਾ ਹੋਣਾ, ਵਿਦਿਆਰਥੀਆਂ ਦਾ ਬਾਹਰ ਜਾਣਾ, ਸਮਾਂ ਬਰਬਾਦ, ਘਟੀਆ ਪਦਾਰਥ, ਮਾਹੌਲ ਖ਼ਰਾਬ, ਕੰਨਟੀਨ ਦਾ ਸਕੂਲ ਵਿੱਚ ਖੋਲ੍ਹਣਾ, ਲਾਭ।

ਜਾਂ

ਆਪਣੀ ਸਹੇਲੀ ਨੂੰ ਚਿੱਠੀ ਰਾਹੀਂ ਇਤਿਹਾਸਿਕ ਸਥਾਨ ਦੀ ਯਾਤਰਾ ਬਾਰੇ ਲਿਖੋ ਜੋ ਆਪ ਨੇ ਹੁਣੇ-ਹੁਣੇ ਕੀਤੀ ਹੈ।

ਨੁਕਤੇ :— ਛੁੱਟੀਆਂ ਵਿੱਚ ਵਿਦਿਅਕ ਟੂਰ, ਪੰਜ ਦਿਨਾਂ ਦਾ ਟੂਰ, ਤਾਜ ਮਹੱਲ ਵੇਖਣ ਆਗਰੇ ਜਾਣਾ, ਤਾਜ ਮਹੱਲ ਦੀ ਸੁੰਦਰਤਾ, ਬਾਦਸ਼ਾਹ ਤੇ ਬੇਗ਼ਮ ਦੀਆਂ ਕਬਰਾਂ, ਇਹ ਯਾਤਰਾ ਹਮੇਸ਼ਾਂ ਯਾਦ ਰਹੇਗੀ, ਵਾਪਸੀ।

## *ਪ੍ਰਸ਼ਨ ਉੱਤਰ

1.ਦਰਬਾਰਾ ਸਿੰਘ ਨੂੰ ਕਪੂਰ ਸਿੰਘ ਨਾਲ ਕੰਧ ਸਾਂਝੀ ਕਰਨ ਦੀ ਲੋੜ ਕਿਉਂ ਨਹੀਂ ਸੀ?

2. ਬੱਸ ਕੰਡਕਟਰ ਨੇ ਪਾਲੀ ਨਾਲ ਆਪਣਾ ਕਿਹੜਾ ਰਾਜ ਸਾਂਝਾ ਕੀਤਾ ?

3. ਸਾਧੂ ਹਰੀ ਚੰਦ ਨੂੰ ਕਿਹੜੀ ਸਭ ਤੋਂ ਉੱਤਮ ਔਸ਼ਧੀ ਬਾਰੇ ਦੱਸਦਾ ਹੈ ?

4. ਸਿਰਜਨਾ ਇੱਕ ਸੰਵੇਦਨਸ਼ੀਲ ਮਾਂ ਕਿਵੇਂ ਹੈ ?

5. ਤਾਏ ਦਾ ਬੁਖਾਰ ਵਾਲਾ ਵਹਿਮ ਕਿਨੇ ਕੁ ਚਿਰ ਚੱਲਿਆ ਅਤੇ ਇਹ ਵਹਿਮ ਦੂਰ ਕਿਵੇਂ ਹੋਇਆ ?

6. ਸਾਡੇ ਵੱਡੇ ਵਡੇਰਿਆ ਨੇ ਖੁਸ਼ੀਆਂ ਨੂੰ ਸੱਦਾ ਦੇਣ ਲਈ ਕਿਹੜੇ ਢੰਗ ਕੱਢੇ ਹੋਏ ਹਨ?

7.ਡਾਕਟਰ ਨੇ ਤਾਏ ਕੋਲੋਂ ਰਾਤ ਜਗਾਈ ਦੀ ਖੇਚਲ ਅਤੇ ਦਵਾਈ ਮਿਲਾ ਕੇ ਕੁੱਲ ਕਿਨੇ ਰੁਪਏ ਲਏ ?

8.ਮਨੁੱਖ ਨੂੰ ਕਿਹੜੀ ਚੀਜ ਵੰਡੀਆ-ਵੱਡੀਆਂ ਖੁਸ਼ੀਆਂ ਦੇ ਸਕਦੀ ਹੈ ?

9. ਬੇਬੇ ਨੇ ਆਪਣੇ ਆਪ ਨੂੰ ਵੱਡੇ ਕਿਲ੍ਹੇ ਦੇ ਅੱਗੇ ਲੱਗੀ ਕਿਸ ਚੀਜ਼ ਨਾਲ ਤੁਲਨਾ ਕੀਤੀ ਹੈ ?

10.ਪਾਲੀ ਨੂੰ ਬੱਸ ਕੰਡਕਟਰ ਕਿਸ ਤਰ੍ਹਾਂ ਦਾ ਲੱਗਦਾ ਸੀ ।